# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

# 08:30

**ਮਿਤੀ :30-08-2026**

***<u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਤਾਸ਼ਕੰਦ ਵਿੱਚ, ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਸ਼ਵ-ਕਤ ਮਿਰਜ਼ੀਯੋ-ਯੇਵ ਨਾਲ ਦੁਵੱਲੀ ਗੱਲਬਾਤ ਕਰਨਗੇ।

- ਪ੍ਰਧਾਨ ਮੰਤਰੀ ਮੋਦੀ ਅੱਜ ਸਵੇਰੇ 11 ਵਜੇ ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਆਪਣੇ ਵਿਚਾਰ ਸਾਂਝੇ ਕਰਨਗੇ।

- ਨੇਪਾਲ ਵਿੱਚ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 675 ਹੋਈ -2 ਹਜ਼ਾਰ 400 ਲੋਕ ਅਜੇ ਵੀ ਲਾਪਤਾ -ਨੇਪਾਲ ਸਰਕਾਰ ਨੇ ਭੋਟੇ ਕੋਸ਼ੀ ਨਦੀ ਵਿੱਚ ਹੜ੍ਹ ਬਾਰੇ ਇੱਕ ਨਵਾਂ ਅਲਰਟ ਜਾਰੀ ਕੀਤਾ।

- ਵਿਦੇਸ਼ ਮੰਤਰਾਲਾ ਨੇ ਦਸਿਆ-ਨੇਪਾਲ ਤੋਂ 108 ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਬਚਾਇਆ ਗਿਆ ਏ-ਬਚਾਅ ਟੀਮ ਸਮੇਤ 11 ਟਨ ਰਾਹਤ ਸਮਗਰੀ ਦੀ ਚੌਥੀ ਖੇਪ ਭੇਜੀ ਗਈ ।

- ਮਹਿਲਾ ਟਵੇਂਟੀ-ਟਵੇਂਟੀ ਏਸ਼ੀਆ ਕੱਪ ਵਿਚ ਭਾਰਤ ਦਾ ਮੁਕਬਲਾ ਰਾਤ ਸਾਢੇ 8 ਵਜੇ ਥਾਈਲੈਂਡ ਨਾਲ ।

## ***ਹੁਣ ਖਬਰਾਂ ਵਿਸਥਾਰ ਨਾਲ***

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਤਾਸ਼ਕੰਦ ਵਿੱਚ ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਸ਼ਵ-ਕਤ ਮਿਰਜ਼ੀਯੋ-ਯੇਵ ਨਾਲ ਦੁਵੱਲੀ ਗੱਲਬਾਤ ਕਰਨਗੇ। ਦੋਵੇਂ ਆਗੂ ਰਾਸ਼ਟਰਪਤੀ ਭਵਨ ਵਿਖੇ ਵਪਾਰ ਅਤੇ ਨਿਵੇਸ਼, ਰੱਖਿਆ, ਡਿਜੀਟਲ ਕਨੈਕਟੀਵਿਟੀ, ਊਰਜਾ, ਸਿੱਖਿਆ ਅਤੇ ਲੋਕਾਂ-ਤੋਂ-ਲੋਕਾਂ ਦੇ ਸੰਪਰਕ ਨੂੰ ਵਧਾਉਣ ਵਰਗੇ ਮੁੱਦਿਆਂ 'ਤੇ ਸਹਿਯੋਗ ਦੀ ਸਮੀਖਿਆ ਕਰਨਗੇ।

ਪੇਸ਼ ਏ ਇਕ ਰਿਪੋਰਟ

ਅੱਜ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪਹਿਲਾਂ ਉਜ਼ਬੇਕਿਸਤਾਨ ਯੋਗ ਫੈਡਰੇਸ਼ਨ ਵਲੋਂ ਕਰਵਾਏ ਜਾ ਰਹੇ ਇੱਕ ਯੋਗਾ ਪ੍ਰੋਗਰਾਮ ਵਿੱਚ ਸ਼ਾਮਲ ਹੋਣਗੇ ਅਤੇ ਇਸ ਤੋਂ ਬਾਅਦ ਉਹ ਸਿੱਧੇ ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਸ਼ਵਕਤ ਮਿਰਜ਼ੀਯੋਯੇਵ ਦੇ ਮਹਿਲ ਜਾਣਗੇ ਜਿੱਥੇ ਦੋਵੇਂ ਨੇਤਾ ਦੁਵੱਲੀ ਗੱਲਬਾਤ ਵਿੱਚ ਹਿੱਸਾ ਲੈਣਗੇ। ਦੋਵੇਂ ਨੇਤਾ ਰਾਸ਼ਟਰਪਤੀ ਭਵਨ ਵਿਖੇ ਵਪਾਰ ਅਤੇ ਨਿਵੇਸ਼, ਰੱਖਿਆ, ਡਿਜੀਟਲ ਕਨੈਕਟੀਵਿਟੀ, ਊਰਜਾ, ਸਿੱਖਿਆ ਅਤੇ ਲੋਕਾਂ ਤੋਂ ਲੋਕਾਂ ਦੇ ਸਬੰਧਾਂ ਦੇ ਖੇਤਰਾਂ ਵਿੱਚ ਸਹਿਯੋਗ ਦੀ ਸਮੀਖਿਆ ਕਰਨਗੇ। ਦੋਵਾਂ ਦੇਸ਼ਾਂ ਵਿਚਕਾਰ ਰੱਖਿਆ ਦੇ ਖੇਤਰ ਵਿੱਚ ਸਹਿਯੋਗ ਲਗਾਤਾਰ ਵਧ ਰਿਹਾ ਏ

ਪਰ ਦੋਵੇਂ ਦੇਸ਼ ਮਾਈਨਿੰਗ ਖਾਸ ਕਰਕੇ ਧਰਤੀ ਦੇ ਦੁਰਲੱਭ ਖਣਿਜ, ਸੋਨੇ ਵਰਗੀਆਂ ਧਾਤਾਂ, ਹੋਰ ਉਪਯੋਗੀ ਖਣਿਜ,'ਤੇ ਧਿਆਨ ਕੇਂਦਰਿਤ ਕਰਨਗੇ । ਇਸ ਤੋਂ ਇਲਾਵਾ, ਦਵਾਈ, ਖੇਤੀਬਾੜੀ ਅਤੇ ਹੁਨਰ ਵਿਕਾਸ ਦੇ ਖੇਤਰ ਦੇ ਨਾਲ-ਨਾਲ ਸੰਪਰਕ ਦੇ ਨਵੇਂ ਰਸਤੇ ਲੱਭਣਾ ਦੋਵਾਂ ਨੇਤਾਵਾਂ ਵਿਚਕਾਰ ਚਰਚਾ ਦਾ ਕੇਂਦਰ ਹੋ ਸਕਦੇ ਨੇ। ਪ੍ਰਧਾਨ ਮੰਤਰੀ ਦੇ ਉਪਰਾਲਿਆਂ ਸਦਕਾ, ਪਿਛਲੇ 10 ਸਾਲਾਂ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਵਪਾਰ 300 ਫੀਸਦੀ ਵਧਿਆ ਏ। ਇਕੱਠੇ ਮਿਲ ਕੇ, ਦੋਵੇਂ ਦੇਸ਼ ਆਉਣ ਵਾਲੇ ਸਾਲਾਂ ਵਿੱਚ ਮੌਜੂਦਾ 100 ਕਰੋੜ ਡਾਲਰ ਦੇ ਵਪਾਰ ਨੂੰ ਦੁੱਗਣਾ ਕਰਨ ਦਾ ਟੀਚਾ ਰੱਖ ਰਹੇ ਨੇ। ਇਸ ਸਬੰਧ ਵਿੱਚ, ਅੱਜ ਕੁਝ ਮਹੱਤਵਪੂਰਨ ਸਮਝੌਤਿਆਂ 'ਤੇ ਦਸਤਖਤ ਕੀਤੇ ਜਾਣ ਦੀ ਉਮੀਦ ਏ।
ਬਿਊਰੋ ਰਿਪੋਟ ਨਾਲ ਮੈਂ ਰਾਜੇਸ਼ ਬਾਲੀ/ ਆਕਾਸ਼ਵਾਣੀ ਖਬਰਾਂ /ਜਲੰਧਰ

---------------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਸਵੇਰੇ 11 ਵਜੇ ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਦੇਸ਼ ਅਤੇ ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ। ਇਹ ਹਰ ਮਹੀਨੇ ਪ੍ਰਸਾਰਿਤ ਹੋਣ ਵਾਲੇ ਰੇਡੀਓ ਪ੍ਰੋਗਰਾਮ ਦਾ 137ਵਾਂ ਐਪੀਸੋਡ ਹੋਵੇਗਾ। 'ਮਨ ਕੀ ਬਾਤ' ਪ੍ਰੋਗਰਾਮ ਆਕਾਸ਼ਵਾਣੀ ਅਤੇ ਦੂਰਦਰਸ਼ਨ ਦੇ ਸਮੁੱਚੇ ਨੈੱਟਵਰਕ, ਆਕਾਸ਼ਵਾਣੀ ਖਬਰਾਂ ਦੀ WEBSITE ਅਤੇ NEWSONAIR ਮੋਬਾਈਲ ਐਪ 'ਤੇ ਪ੍ਰਸਾਰਿਤ ਕੀਤਾ ਜਾਵੇਗਾ। ਇਸ ਨੂੰ AIR ਨਿਊਜ਼, DD ਨਿਊਜ਼, ਪ੍ਰਧਾਨ ਮੰਤਰੀ ਦੇ ਦਫਤਰ ਅਤੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ YOU-TUBE ਚੈਨਲਾਂ 'ਤੇ ਵੀ ਲਾਈਵ ਸਟ੍ਰੀਮ ਕੀਤਾ ਜਾਵੇਗਾ। ਆਕਾਸ਼ਵਾਣੀ, ਹਿੰਦੀ ਪ੍ਰਸਾਰਣ ਤੋਂ ਤੁਰੰਤ ਬਾਅਦ ਪ੍ਰੋਗਰਾਮ ਨੂੰ ਖੇਤਰੀ ਭਾਸ਼ਾਵਾਂ ਵਿੱਚ ਵੀ ਪ੍ਰਸਾਰਿਤ ਕਰੇਗਾ।

---------------------------------------------------------------------------

ਨੇਪਾਲ ਵਿੱਚ ਅਚਾਨਕ ਆਏ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 675 ਹੋ ਗਈ ਏ। ਲਗਾਤਾਰ ਬਾਰਿਸ਼ ਦੌਰਾਨ ਰਾਹਤ ਅਤੇ ਬਚਾਅ ਕਾਰਜ ਜਾਰੀ ਨੇ। ਲਗਭਗ 2 ਹਜ਼ਾਰ 400 ਲੋਕ ਅਜੇ ਵੀ ਲਾਪਤਾ ਹਨ, ਜਿਨ੍ਹਾਂ ਵਿੱਚ 320 ਤੋਂ ਵੱਧ ਵਿਦੇਸ਼ੀ ਨਾਗਰਿਕ ਸ਼ਾਮਲ ਹਨ। ਹੁਣ ਤੱਕ 4 ਹਜ਼ਾਰ 400 ਤੋਂ ਵੱਧ ਲੋਕਾਂ ਨੂੰ ਬਚਾਇਆ ਗਿਆ ਏ। ਬਚਾਅ ਅਤੇ ਰਾਹਤ ਕਾਰਜਾਂ ਲਈ 15 ਹਜ਼ਾਰ ਤੋਂ ਵੱਧ ਸੁਰੱਖਿਆ ਕਰਮਚਾਰੀ ਤਾਇਨਾਤ ਨੇ। ਲੋਕਾਂ ਨੂੰ ਕੱਢਣ ਅਤੇ ਰਾਹਤ ਸਮੱਗਰੀ ਪਹੁੰਚਾਉਣ ਲਈ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਜਾ ਰਹੀ ਏ। ਨੇਪਾਲ ਦੇ ਪ੍ਰਧਾਨ ਮੰਤਰੀ ਬਲੇਂਦਰ ਸ਼ਾਹ ਨੇ ਕਿਹਾ ਏ ਕਿ ਸਰਕਾਰ ਦੀ ਪਹਿਲੀ ਤਰਜੀਹ ਹਰ ਨਾਗਰਿਕ ਨੂੰ ਬਚਾਉਣਾ ਏ। ਇਸ ਦੌਰਾਨ, ਲਗਾਤਾਰ ਬਾਰਿਸ਼ ਅਤੇ ਖਰਾਬ ਮੌਸਮ ਕਾਰਨ ਬਚਾਅ ਕਾਰਜਾਂ ਵਿੱਚ ਰੁਕਾਵਟ ਪੈ ਰਹੀ ਏ। ਮੌਸਮ ਵਿਭਾਗ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹੋਰ ਬਾਰਿਸ਼ ਅਤੇ ਗਰਜ-ਤੂਫ਼ਾਨ ਦੀ ਚੇਤਾਵਨੀ ਦਿੱਤੀ ਏ। ਇਸ ਦੌਰਾਨ, ਕਾਠਮੰਡੂ ਨੂੰ ਦੇਸ਼ ਦੇ ਹੋਰ ਹਿੱਸਿਆਂ ਨਾਲ ਜੋੜਨ ਵਾਲਾ ਮੁਗਲਿੰਗ-ਕਾਠਮੰਡੂ ਸ਼ਾਹਰਾਹ ਕੱਲ੍ਹ ਦੁਬਾਰਾ ਖੋਲ੍ਹ ਦਿੱਤਾ ਗਿਆ। ਹਾਲਾਂਕਿ, ਕਈ ਹੋਰ ਸੜਕਾਂ ਬੰਦ ਨੇ।

--------------------------------------------------------------------------------

ਨੇਪਾਲ ਸਰਕਾਰ ਨੇ ਭੋਟੇ ਕੋਸ਼ੀ ਨਦੀ ਵਿੱਚ ਹੜ੍ਹ ਦੇ ਖ਼ਤਰੇ ਬਾਰੇ ਇੱਕ ਨਵਾਂ ਅਲਰਟ ਜਾਰੀ ਕੀਤਾ ਏ। ਪ੍ਰਸ਼ਾਸਨ ਨੇ ਨਦੀ ਦੇ ਕਿਨਾਰੇ ਰਹਿਣ

ਵਾਲੇ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ ਏ। ਰਾਸ਼ਟਰੀ ਆਫ਼ਤ ਜੋਖਮ ਘਟਾਉਣ ਅਤੇ ਪ੍ਰਬੰਧਨ ਅਥਾਰਟੀ ਦੇ ਅਨੁਸਾਰ, ਨਦੀ ਦੇ ਪਾਣੀ ਦਾ ਵਹਾਅ ਵਧ ਗਿਆ ਏ। ਰਸੁਵਾ ਜ਼ਿਲ੍ਹਾ ਪ੍ਰਸ਼ਾਸਨ ਨੇ ਵੀ ਪਾਣੀ ਦੇ ਵਧਦੇ ਪੱਧਰ ਬਾਰੇ ਜਾਣਕਾਰੀ ਦਿੱਤੀ ਏ  ਅਤੇ ਰਸੁਵਾ, ਨੁਵਾਕੋਟ ਅਤੇ ਧਾਡਿੰਗ ਜ਼ਿਲ੍ਹਿਆਂ ਵਿੱਚ ਨਦੀ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਏ। ਭੋਟੇ ਕੋਸ਼ੀ ਤਿੱਬਤ ਵਿੱਚ ਉਤਪੰਨ ਹੋਣ ਵਾਲੀ ਇੱਕ ਤੇਜ਼ ਵਹਿਣ ਵਾਲੀ ਹਿਮਾਲਿਆਈ ਨਦੀ ਏ। ਹਾਲ ਹੀ ਵਿੱਚ ਆਏ ਹੜ੍ਹਾਂ ਨੇ ਰਸੁਵਾ ਜ਼ਿਲ੍ਹੇ ਵਿੱਚ ਭਾਰੀ ਤਬਾਹੀ ਮਚਾਈ ਏ।

---

ਵਿਦੇਸ਼ ਮੰਤਰਾਲਾ ਨੇ ਦਸਿਆ ਏ ਕਿ ਨੇਪਾਲ ਵਿੱਚ ਬੁੱਧਵਾਰ ਨੂੰ ਆਏ ਹੜ੍ਹਾਂ ਤੋਂ ਬਾਅਦ ਹੁਣ ਤੱਕ 108 ਭਾਰਤੀ ਨਾਗਰਿਕਾਂ ਨੂੰ ਬਚਾਇਆ ਗਿਆ ਏ। ਲਗਭਗ 50 ਹੋਰ ਭਾਰਤੀਆਂ ਨਾਲ ਵੀ ਸੰਪਰਕ ਕੀਤਾ ਗਿਆ ਏ। ਮੰਤਰਾਲੇ ਦੇ ਅਨੁਸਾਰ, 275 ਭਾਰਤੀ ਨਾਗਰਿਕ ਲਾਪਤਾ ਹਨ। ਦੂਜੇ ਦੇਸ਼ਾਂ ਵਿੱਚ ਨਾਗਰਿਕਤਾ ਰੱਖਣ ਵਾਲੇ ਭਾਰਤੀ ਮੂਲ ਦੇ ਲਗਭਗ 128 ਲੋਕ ਵੀ ਲਾਪਤਾ ਹਨ। ਪਿਛਲੇ ਦੋ ਦਿਨਾਂ ਵਿੱਚ, 598 ਭਾਰਤੀ ਨਾਗਰਿਕ ਚੀਨ ਤੋਂ ਨੇਪਾਲ ਪਹੁੰਚੇ ਹਨ। ਚੀਨ ਵਿੱਚ ਲਗਭਗ 900 ਭਾਰਤੀ ਸੁਰੱਖਿਅਤ ਨੇ ਅਤੇ ਭਾਰਤੀ ਦੂਤਾਘਰ  ਉਨ੍ਹਾਂ ਦੇ ਸੰਪਰਕ ਵਿੱਚ ਹੈ। ਭਾਰਤ ਸਰਕਾਰ, ਨੇਪਾਲ ਅਤੇ ਚੀਨ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ, ਲਗਾਤਾਰ ਰਾਹਤ ਅਤੇ ਬਚਾਅ

ਕਾਰਜਾਂ ਵਿੱਚ ਲੱਗੀ ਹੋਈ ਹੈ। ਵਿਦੇਸ਼ ਮੰਤਰਾਲਾ ਅਤੇ ਕਾਠਮੰਡੂ ਅਤੇ ਬੀਜਿੰਗ ਵਿੱਚ ਭਾਰਤੀ ਦੂਤਘਰਾਂ  ਵਿੱਚ 24 ਘੰਟੇ ਹੈਲਪਲਾਈਨ ਸੇਵਾ ਉਪਲਬਧ ਏ । ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਦੱਸਿਆ ਕਿ ਭਾਰਤੀ ਹਵਾਈ ਸੈਨਾ ਦਾ ਇੱਕ C-130J ਹਰ-ਕਿਊਲਿਸ ਜਹਾਜ਼ ਕੱਲ੍ਹ 11 ਟਨ ਰਾਹਤ ਸਮੱਗਰੀ ਲੈ ਕੇ ਕਾਠਮੰਡੂ ਪਹੁੰਚਿਆ। ਇਸ ਜਹਾਜ਼ ਦੇ ਨਾਲ 13 ਮੈਂਬਰੀ ਭਾਰਤੀ ਫੌਜ ਦੀ ਸੁਰੰਗ ਬਚਾਅ ਟੀਮ ਅਤੇ ਜ਼ਰੂਰੀ ਉਪਕਰਣ ਵੀ ਭੇਜੇ ਗਏ ਸਨ। ਇਸ ਤੋਂ ਇਲਾਵਾ, ਛੇ ਫੋਰੈਂਸਿਕ ਟੀਮਾਂ ਦੇ 19 ਮੈਂਬਰਾਂ ਨੂੰ ਵੀ ਮ੍ਰਿਤਕ ਦੇਹਾਂ ਦੀ ਪਛਾਣ ਕਰਨ ਲਈ ਡੀਐਨਏ ਟੈਸਟਿੰਗ ਵਿੱਚ ਸਹਾਇਤਾ ਵਾਸਤੇ ਨੇਪਾਲ ਭੇਜਿਆ ਜਾ ਰਿਹਾ ਏ । ਹੁਣ ਤੱਕ ਲਗਭਗ 69 ਟਨ ਰਾਹਤ ਸਮੱਗਰੀ ਨੇਪਾਲ ਭੇਜੀ ਜਾ ਚੁੱਕੀ ਏ । ਇਸ ਵਿੱਚ ਦਵਾਈਆਂ, ਜਨਰੇਟਰ, ਭੋਜਨ ਪੈਕੇਟ, ਪਾਣੀ ਸ਼ੁੱਧੀਕਰਨ ਦੀਆਂ ਗੋਲੀਆਂ ਅਤੇ ਤਕਨੀਕੀ ਉਪਕਰਣ ਸ਼ਾਮਲ ਹਨ। ਭਾਰਤ ਨੇ 230 ਫੁੱਟ ਲੰਬੇ ਸਟੀਲ ਪੁਲ ਦੇ ਨਿਰਮਾਣ ਲਈ ਉਪਕਰਣਾਂ ਨਾਲ ਭਰੇ 16 ਟਰੱਕ ਨੇਪਾਲ ਵੀ ਭੇਜੇ ਹਨ। ਸੱਤ ਹੋਰ ਬੇਲੀ ਪੁਲਾਂ ਦੇ ਨਿਰਮਾਣ ਲਈ ਜ਼ਰੂਰੀ ਸਮੱਗਰੀ ਅਤੇ ਤਕਨੀਕੀ ਟੀਮਾਂ ਜਲਦੀ ਹੀ ਨੇਪਾਲ ਭੇਜੀਆਂ ਜਾਣਗੀਆਂ।

-------------------------------------------------------------------------------

ਨੇਪਾਲ ਲਈ 11 ਟਨ ਰਾਹਤ ਸਮੱਗਰੀ ਲੈ ਕੇ ਜਾਣ ਵਾਲੀ ਚੌਥੀ ਉਡਾਣ ਕਾਠਮੰਡੂ ਪਹੁੰਚ ਗਈ ਏ ਅਤੇ ਇਸਨੂੰ ਨੇਪਾਲ ਸਰਕਾਰ ਨੂੰ ਸੌਂਪ ਦਿੱਤਾ

ਗਿਆ ਏ। ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਨੇਪਾਲ ਵਿੱਚ ਚੱਲ ਰਹੇ ਬਚਾਅ ਅਤੇ ਰਾਹਤ ਕਾਰਜਾਂ ਦੇ ਸਫਲ ਅਤੇ ਸੁਚਾਰੂ ਸੰਚਾਲਨ ਲਈ ਸਹੀ ਸਮੱਗਰੀ ਅਤੇ ਤਕਨੀਕੀ ਸਮਰੱਥਾਵਾਂ ਦਾ ਹੋਣਾ ਬਹੁਤ ਜ਼ਰੂਰੀ ਏ। ਇਸ ਤੋਂ ਪਹਿਲਾਂ, ਭਾਰਤ ਨੇ ਤਿੰਨ ਉਡਾਣਾਂ ਰਾਹੀਂ ਨੇਪਾਲ ਨੂੰ 57 ਟਨ ਤੋਂ ਵੱਧ ਐਮਰਜੈਂਸੀ ਰਾਹਤ ਸਮੱਗਰੀ ਭੇਜੀ ਸੀ।

---------------------------------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਨੇਪਾਲ ਵਿੱਚ ਸੰਕਟ ਨੂੰ ਲੈ ਕੇ ਚਿੰਤਤ ਏ। ਲਖਨਊ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਭਾਰਤ ਨੇਪਾਲ ਨੂੰ ਉਸਦੀਆਂ ਸਾਰੀਆਂ ਜ਼ਰੂਰਤਾਂ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਏ। ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ ਗੁਆਂਢੀ ਦੇਸ਼ ਨੂੰ ਲਗਾਤਾਰ ਸਹਾਇਤਾ ਭੇਜ ਰਿਹਾ ਏ।

BYTE

---------------------------------------------------------------------------

ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਅੱਜ ਦੋ ਦਿਨਾਂ ਦੌਰੇ 'ਤੇ ਕੇਰਲਮ ਪਹੁੰਚਣਗੇ। ਉਹ ਅਲ-ਪੁਝਾ ਵਿੱਚ ਪ੍ਰਮੁੱਖ ਮਲਿਆਲਮ ਰੋਜ਼ਾਨਾ ਅਖ਼ਬਾਰ, ਕੇਰਲਾ ਕੌਮੂਦੀ ਦੇ 115ਵੇਂ ਸਥਾਪਨਾ ਦਿਵਸ ਸਮਾਰੋਹ ਵਿੱਚ ਸ਼ਾਮਲ ਹੋਣਗੇ। ਇਸ ਤੋਂ ਬਾਅਦ, ਉਪ ਰਾਸ਼ਟਰਪਤੀ ਪਥਨ-ਮਥਿੱਟਾ

ਵਿੱਚ ਕੇਰਲਮ  ਦੀ ਮਸ਼ਹੂਰ ਅਰਣ-ਮੁਲਾ ਕਿਸ਼ਤੀ ਦੌੜ ਦਾ ਉਦਘਾਟਨ ਕਰਨਗੇ। ਪੰਪਾ ਨਦੀ 'ਤੇ ਇਸ ਸਾਲਾਨਾ ਕਿਸ਼ਤੀ ਦੌੜ ਵਿੱਚ 51 ਸਨੇਕ ਕਿਸ਼ਤੀਆਂ ਹਿੱਸਾ ਲੈਣਗੀਆਂ। ਉਹ ਤਿਰੂਵਨੰਤਪੁਰਮ ਵਿੱਚ ਓਣਮ ਸੈਰ ਸਪਾਟਾ ਹਫ਼ਤੇ ਦੇ ਸਮਾਪਤੀ ਸਮਾਰੋਹ ਦਾ ਵੀ ਉਦਘਾਟਨ ਕਰਨਗੇ।

-----------------------------------------------------------------------------

ਰਾਸ਼ਟਰੀ ਸਵੈਮ ਸੇਵਕ ਸੰਘ-RSS ਮੁਖੀ ਮੋਹਨ ਭਾਗਵਤ ਨੇ ਕਿਹਾ ਏ ਕਿ ਮੁਸਲਮਾਨਾਂ ਨੂੰ ਭਾਰਤ ਦਾ ਹਿੱਸਾ ਨਾ ਮੰਨਣ ਦਾ ਵਿਚਾਰ ਹਿੰਦੂਤਵ ਦੀ ਭਾਵਨਾ ਦੇ ਉਲਟ ਏ । ਨਿਊਯਾਰਕ ਵਿੱਚ "ਇੱਕ ਦੁਨੀਆ , ਇੱਕ ਮਨੁੱਖਤਾ" ਸੰਮੇਲਨ ਨੂੰ ਸੰਬੋਧਨ ਕਰਦਿਆਂ ਸ੍ਰੀ ਭਾਗਵਤ ਨੇ ਕਿਹਾ ਕਿ ਹਿੰਦੂਤਵ ਹਰੇਕ ਵਿਅਕਤੀ ਅਤੇ ਧਾਰਮਿਕ ਵਿਭਿੰਨਤਾ ਦਾ ਸਤਿਕਾਰ ਕਰਨ ਵਿੱਚ ਵਿਸ਼ਵਾਸ ਰੱਖਦਾ ਏ ।

BYTE

ਉਨ੍ਹਾਂ ਕਿਹਾ ਕਿ ਸਾਰੇ ਮਨੁੱਖ ਬਰਾਬਰ ਹਨ ਅਤੇ ਸੱਚ ਤੱਕ ਪਹੁੰਚਣ ਦੇ ਵੱਖੋ-ਵੱਖਰੇ ਰਸਤੇ ਹੋ ਸਕਦੇ ਨੇ । ਭਾਰਤ ਦੀ ਸਹਿ-ਹੋਂਦ ਦੀ ਰਿਵਾਇਤ ਦਾ ਹਵਾਲਾ ਦਿੰਦੇ ਹੋਏ ਸ੍ਰੀ ਭਾਗਵਤ ਨੇ ਕਿਹਾ ਕਿ ਧਾਰਮਿਕ ਆਗੂਆਂ ਨੂੰ ਸਮਾਜ ਵਿੱਚ ਏਕਤਾ ਅਤੇ ਸਦਭਾਵਨਾ ਦਾ ਸੰਦੇਸ਼ ਫੈਲਾਉਂਦੇ ਰਹਿਣਾ ਚਾਹੀਦਾ ਏ । ਉਨ੍ਹਾਂ ਕਿਹਾ ਕਿ ਅੱਜ ਦੀ ਆਲਮੀ ਸਥਿਤੀ ਵਿੱਚ, ਮਨੁੱਖੀ ਏਕਤਾ ਅਤੇ ਆਪਸੀ ਸਦਭਾਵਨਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਏ ।

---------------------------------------------------------------------

ਭਾਰਤੀ ਜਨਤਾ ਪਾਰਟੀ ਨੇ ਕਾਂਗਰਸ 'ਤੇ ਅਨੁਸੂਚਿਤ ਭਾਈਚਾਰੇ ਨੂੰ ਰਾਜਨੀਤਿਕ ਫਾਇਦੇ ਲਈ ਵਰਤਣ ਦਾ ਇਲਜ਼ਾਮ ਲਗਾਇਆ ਏ।

ਨਵੀਂ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ, BJP ਦੇ ਰਾਸ਼ਟਰੀ ਬੁਲਾਰੇ ਡਾ. ਗੁਰੂ ਪ੍ਰਕਾਸ਼ ਪਾਸਵਾਨ ਨੇ ਇਲਜ਼ਾਮ ਲਗਾਇਆ ਕਿ ਕਾਂਗਰਸ ਦਾ ਅਨੁਸੂਚਿਤ ਭਾਈਚਾਰੇ ਦਾ ਅਪਮਾਨ ਕਰਨ ਦਾ ਇਤਿਹਾਸ ਰਿਹਾ ਏ। ਉਨ੍ਹਾਂ ਕਿਹਾ ਕਿ ਇਸ ਦੇ ਉਲਟ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਡਾ. ਭੀਮ ਰਾਓ ਅੰਬੇਡਕਰ ਦੀ ਵਿਰਾਸਤ ਦਾ ਸਨਮਾਨ ਕੀਤਾ ਏ ਅਤੇ ਉਨ੍ਹਾਂ ਨਾਲ ਜੁੜੇ ਸਥਾਨਾਂ ਨੂੰ ਤੀਰਥ ਸਥਾਨ ਦਿੱਤੇ ਨੇ। ਇਸ ਦੌਰਾਨ, BJP ਦੇ ਰਾਸ਼ਟਰੀ ਬੁਲਾਰੇ ਡਾ. ਸੁਧਾਂਸ਼ੂ ਤ੍ਰਿਵੇਦੀ ਨੇ ਕਾਂਗਰਸ ਪਾਰਟੀ 'ਤੇ ਰਾਜਨੀਤਿਕ ਲਾਭ ਲਈ ਹਿੰਦੂਆਂ ਨੂੰ ਵੰਡਣ ਦੀ ਕੋਸ਼ਿਸ਼ ਕਰਨ ਦਾ ਇਲਜ਼ਾਮ ਲਗਾਇਆ। ਧਾਰਾ 370 ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਲਗਾਇਆ ਕਿ ਇਸ ਦੀਆਂ ਵਿਵਸਥਾਵਾਂ ਨੇ ਜੰਮੂ-ਕਸ਼ਮੀਰ ਵਿੱਚ ਵਾਲਮੀਕੀ ਭਾਈਚਾਰੇ ਨਾਲ ਨਿਵਾਸ ਅਧਿਕਾਰਾਂ ਬਾਰੇ ਵਿਤਕਰਾ ਕੀਤਾ ਏ। ਉਨ੍ਹਾਂ ਡਾ. ਅੰਬੇਡਕਰ ਦੀ ਵਿਰਾਸਤ ਨਾਲ ਸਬੰਧਤ ਮੋਦੀ ਸਰਕਾਰ ਵਲੋਂ ਕੀਤੇ ਗਏ ਕੰਮ ਦਾ ਵੀ ਜ਼ਿਕਰ ਕੀਤਾ। ਇਹ ਪ੍ਰਤੀਕਿਰਿਆ ਲੋਕ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਅਨੁਸੂਚਿਤ ਭਾਈਚਾਰੇ ਨਾਲ ਵਿਤਕਰੇ ਦਾ ਮੁੱਦਾ ਉਠਾਉਣ ਤੋਂ ਬਾਅਦ ਆਈ ਏ।

-----------------------------------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਅੱਜ ਲਖਨਊ ਵਿੱਚ ਇੱਕ ਉਦਯੋਗ ਸੰਮੇਲਨ ਨੂੰ ਸੰਬੋਧਨ ਕਰਨਗੇ। ਇਹ ਉਨ੍ਹਾਂ ਦੇ ਤਿੰਨ ਦਿਨਾਂ ਦੌਰੇ ਦਾ ਤੀਜਾ ਅਤੇ ਆਖਰੀ ਦਿਨ ਏ । ਪ੍ਰਧਾਨ ਮੰਤਰੀ ਸੇਤੂ ਯੋਜਨਾ ਦੇ ਤਹਿਤ ਆਯੋਜਿਤ ਇਸ ਕਾਨਫਰੰਸ ਵਿੱਚ ਹੁਨਰ ਵਿਕਾਸ, ਉੱਦਮਤਾ ਅਤੇ ਕਿੱਤਾਮੁਖੀ ਸਿੱਖਿਆ ਨਾਲ ਸਬੰਧਤ ਵਿਸ਼ਿਆਂ 'ਤੇ ਚਰਚਾ ਕੀਤੀ ਜਾਵੇਗੀ। ਸਮਾਗਮ ਤੋਂ ਪਹਿਲਾਂ, ਰਾਜਨਾਥ ਸਿੰਘ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ "ਮਨ ਕੀ ਬਾਤ" ਪ੍ਰੋਗਰਾਮ ਨੂੰ ਸੁਣਨਗੇ। ਫਿਰ ਉਹ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਮੌਜੂਦਗੀ ਵਿੱਚ ਲਖਨਊ ਛਾਉਣੀ ਖੇਤਰ ਵਿੱਚ 101 ਕਰੋੜ ਦੇ 12 ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣਗੇ।

-----------------------------------------------------------------------------

ਰਾਸ਼ਟਰੀ ਪ੍ਰੀਖਿਆ ਏਜੰਸੀ- (NTA) ਨੇ ਅੱਜ ਸੰਯੁਕਤ CSIR-UGC NET ਪ੍ਰੀਖਿਆ ਦੇ ਸਾਰੇ ਪੰਜ ਵਿਸ਼ਿਆਂ ਲਈ ਅੰਤਿਮ ਉੱਤਰ ਕੁੰਜੀਆਂ ਜਾਰੀ ਕੀਤੀਆਂ ਨੇ । ਪ੍ਰੀਖਿਆ ਦੇਣ ਵਾਲੇ ਉਮੀਦਵਾਰ ਆਪਣੇ ਪਛਾਣ ਪੱਤਰਾਂ ਦੀ ਵਰਤੋਂ ਕਰਕੇ ਲੌਗਇਨ ਕਰਕੇ ਆਪਣੇ ਸਬੰਧਤ ਵਿਸ਼ਿਆਂ ਲਈ ਅੰਤਿਮ ਉੱਤਰ ਕੁੰਜੀਆਂ ਦੇਖ ਸਕਦੇ ਹਨ। NTA ਨੇ ਕਿਹਾ ਕਿ ਇਸ ਪ੍ਰੀਖਿਆ ਨਾਲ ਸਬੰਧਤ ਕਿਸੇ ਵੀ ਸਪੱਸ਼ਟੀਕਰਨ ਲਈ, ਉਮੀਦਵਾਰ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਜਾਣਕਾਰੀ ਰਾਹੀਂ

NTA ਹੈਲਪ ਡੈਸਕ ਨਾਲ ਸੰਪਰਕ ਕਰ ਸਕਦੇ ਹਨ। ਸੰਯੁਕਤ CSIR-UGC NET ਪ੍ਰੀਖਿਆ ਭਾਰਤੀ ਨਾਗਰਿਕਾਂ ਦੀ ਜੂਨੀਅਰ ਰਿਸਰਚ ਫੈਲੋਸ਼ਿਪਾਂ, ਸਹਾਇਕ ਪ੍ਰੋਫੈਸਰਸ਼ਿਪਾਂ ਲਈ ਨਿਯੁਕਤੀਆਂ ਅਤੇ ਭਾਰਤੀ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਪੀ.ਐਚ.ਡੀ ਪ੍ਰੋਗਰਾਮਾਂ ਵਿੱਚ ਦਾਖਲੇ ਲਈ ਯੋਗਤਾ ਨਿਰਧਾਰਤ ਕਰਨ ਲਈ ਕਰਵਾਈ ਜਾਂਦੀ ਏ।

---------------------------------------------------------------------------

ਯੂਕਰੇਨ ਦੀ ਰਾਜਧਾਨੀ ਕੀਵ ਦੇ ਨੇੜੇ ਬੁਚਾ ਜ਼ਿਲ੍ਹੇ ਵਿੱਚ ਕੱਲ ਇੱਕ ਰੂਸ ਵਲੋਂ ਕੀਤੇ ਡਰੋਨ ਹਮਲੇ ਵਿੱਚ 37 ਲੋਕਾਂ ਦੀ ਮੌਤ ਹੋ ਗਈ।

ਸਥਾਨਕ ਖੇਤਰੀ ਫੌਜੀ ਪ੍ਰਸ਼ਾਸਨ ਦੇ ਅਨੁਸਾਰ, ਹਮਲੇ ਵਿੱਚ 50 ਰਿਹਾਇਸ਼ੀ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਅਤੇ ਕਈ ਘਰਾਂ ਅਤੇ ਇੱਕ ਰੈਸਟੋਰੈਂਟ ਨੂੰ ਵੀ ਅੱਗ ਲੱਗ ਗਈ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਮਾਈਲਾ ਪਿੰਡ ਵਿੱਚ ਇੱਕ ਗੋਦਾਮ 'ਤੇ ਹਮਲਾ ਕੀਤਾ ਗਿਆ, ਜਿਸ ਤੋਂ ਬਾਅਦ ਇੱਕ ਧਮਾਕਾ ਹੋਇਆ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਅਤੇ ਦਿਵੀਆਂਗ ਲੋਕਾਂ ਲਈ ਇੱਕ ਦੇਖਭਾਲ ਕੇਂਦਰ ਅਤੇ ਰਿਹਾਇਸ਼ੀ ਇਮਾਰਤਾਂ ਨੂੰ ਵੀ ਨੁਕਸਾਨ ਪਹੁੰਚਿਆ ਏ।

---------------------------------------------------------------------------

ਭਾਰਤ ਅੱਜ ਥਾਈਲੈਂਡ ਖਿਲਾਫ ਆਪਣੀ ਮਹਿਲਾ ਟਵੇਂਟੀ-ਟਵੇਂਟੀ ਏਸ਼ੀਆ ਕੱਪ ਮੁਹਿੰਮ ਦੀ ਸ਼ੁਰੂਆਤ ਕਰੇਗਾ।

ਇਹ ਮੈਚ ਭਾਰਤੀ ਸਮੇਂ ਅਨੁਸਾਰ ਰਾਤ ਸਾਢੇ 8 ਵਜੇ ਸ਼ੁਰੂ ਹੋਵੇਗਾ। ਹਰਮਨਪ੍ਰੀਤ ਕੌਰ ਭਾਰਤ ਦੀ ਕਪਤਾਨੀ ਕਰੇਗੀ, ਜਦੋਂ ਕਿ ਸਮ੍ਰਿਤੀ ਮੰਧਾਨਾ ਉਪ-ਕਪਤਾਨ ਹੋਵੇਗੀ। ਭਾਰਤ ਟੂਰਨਾਮੈਂਟ ਦੇ ਇਤਿਹਾਸ ਦੀ ਸਭ ਤੋਂ ਸਫਲ ਟੀਮ ਏ ਜਿਸਨੇ ਆਪਣੇ ਪੰਜ ਮੈਚਾਂ ਵਿੱਚੋਂ ਤਿੰਨ ਜਿੱਤੇ ਹਨ। ਥਾਈਲੈਂਡ ਨੇ ਸ਼ੁੱਕਰਵਾਰ ਨੂੰ ਹਾਂਗਕਾਂਗ ਅਤੇ ਚੀਨ 'ਤੇ ਜਿੱਤਾਂ ਨਾਲ ਟੂਰਨਾਮੈਂਟ ਦੀ ਸ਼ੁਰੂਆਤ ਕੀਤੀ। ਭਾਰਤ ਥਾਈਲੈਂਡ, ਹਾਂਗਕਾਂਗ ਅਤੇ ਪਾਕਿਸਤਾਨ ਦੇ ਨਾਲ ਅੱਠ ਟੀਮਾਂ ਦੇ ਟੂਰਨਾਮੈਂਟ ਦੇ ਗਰੁੱਪ-A ਏ ਵਿੱਚ ਏ ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਤਾਸ਼ਕੰਦ ਵਿੱਚ, ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਸ਼ਵ-ਕਤ ਮਿਰਜ਼ੀਯੋ-ਯੇਵ ਨਾਲ ਦੁਵੱਲੀ ਗੱਲਬਾਤ ਕਰਨਗੇ ।

- ਪ੍ਰਧਾਨ ਮੰਤਰੀ ਮੋਦੀ ਅੱਜ ਸਵੇਰੇ 11 ਵਜੇ ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਆਪਣੇ ਵਿਚਾਰ ਸਾਂਝੇ ਕਰਨਗੇ ।

- ਨੇਪਾਲ ਵਿੱਚ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 675 ਹੋਈ -2 ਹਜ਼ਾਰ 400 ਲੋਕ ਅਜੇ ਵੀ ਲਾਪਤਾ -ਨੇਪਾਲ ਸਰਕਾਰ ਨੇ ਭੋਟੇ ਕੋਸ਼ੀ ਨਦੀ ਵਿੱਚ ਹੜ੍ਹ ਬਾਰੇ ਇੱਕ ਨਵਾਂ ਅਲਰਟ ਜਾਰੀ ਕੀਤਾ।

- ਵਿਦੇਸ਼ ਮੰਤਰਾਲਾ ਨੇ ਦਸਿਆ-ਨੇਪਾਲ ਤੋਂ 108 ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਬਚਾਇਆ ਗਿਆ ਏ-ਬਚਾਅ ਟੀਮ ਸਮੇਤ 11 ਟਨ ਰਾਹਤ ਸਮਗਰੀ ਦੀ ਚੌਥੀ ਖੇਪ ਭੇਜੀ ਗਈ।

- ਮਹਿਲਾ ਟਵੇਂਟੀ-ਟਵੇਂਟੀ ਏਸ਼ੀਆ ਕੱਪ ਵਿਚ ਭਾਰਤ ਦਾ ਮੁਕਬਲਾ ਰਾਤ ਸਾਢੇ 8 ਵਜੇ ਥਾਈਲੈਂਡ ਨਾਲ।

---------------------------------------------------------------------------------

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗ 1 ਵੱਜ ਕੇ 10 ਮਿੰਟ 'ਤੇ,**

**ਨਮਸਕਾਰ|**